# ਮਨਮੋਹਨ ਸਿੰਘ ਵਲੋਂ ਨਵੇਂ ਸਾਲ ਦੀ ਸ਼ੁਰੂਆਤ ਇਕ ਹੋਰ ਝੂਠ ਨਾਲ

ਪ੍ਰਧਾਨ ਮੰਤ੍ਰੀ ਡਾਕਟਰ ਮਨਮੋਹਨ ਸਿੰਘ ਨੇ 3 ਜਨਵਰੀ 2006 ਨੂੰ ਹੈਦਰਾਬਾਦ ਵਿਖੇ ਹਿੰਦੁਸਤਾਨੀ ਸਾਇੰਸ ਕਾਂਗਰਸ ਦੇ ਇਕੱਠ ਵਿਚ ਬੋਲਦਿਆਂ ਇਸ ਗੱਲ ਤੇ ਫਿਕਰ ਜ਼ਾਹਿਰ ਕੀਤਾ ਕਿ ਮੁਲਕ ਦੀ ਕੁਲ ਆਮਦਨੀ ਵਿਚ ਖੇਤੀ ਬਾੜੀ ਦਾ ਹਿੱਸਾ ਬਹੁਤ ਤੇਜ਼ੀ ਨਾਲ ਘੱਟ ਰਿਹਾ ਹੈ ਪਰ ਖੇਤੀ ਬਾੜੀ ਉੱਤੇ ਨਿਰਭਰ ਲੋਕਾਂ ਦੀ ਗਿਣਤੀ ਘੱਟ ਨਹੀਂ ਹੋ ਰਹੀ। ਇਸ ਦਾ ਨਤੀਜਾ ਇਹ ਹੈ ਕਿ ਲੋਕ ਪਿੰਡ ਛੱਡ ਕੇ ਸ਼ਹਿਰਾਂ ਵੱਲ ਜਾ ਰਹੇ ਹਨ। ਪੰਜ ਹਜ਼ਾਰ ਤੋਂ ਵੀ ਜ਼ਿਆਦਾ ਸਾਇੰਸਦਾਨਾਂ ਨੂੰ ਸੰਬੋਧਤ ਕਰਦੇ ਹੋਏ ਮਨਮੋਹਨ ਸਿੰਘ ਨੇ ਕਿਹਾ ਕਿ ਸਾਇੰਸਦਾਨਾਂ ਨੂੰ ਦਿਹਾਤੀ ਇਲਾਕਿਆਂ ਵਿਚ ਰੁਜ਼ਗਾਰ ਪੈਦਾ ਕਰਨ ਲਈ ਉਦਮ ਕਰਨਾ ਚਾਹੀਦਾ ਹੈ।

ਪਰ ਮਨਮੋਹਨ ਸਿੰਘ ਇਹ ਦੱਸਣਾ ਭੁਲ ਗਿਆ ਕਿ ਪਿੰਡਾਂ ਦਾ ਇਹ ਮਾੜਾ ਹਾਲ ਹਾਕਮ ਜਮਾਤਾਂ ਦੀ ਸਰਕਾਰ, ਜਿਹਦਾ ਆਗੂ ਉਹ ਆਪ ਹੈ, ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਦੀਆਂ ਲੋਕਾਂ ਵਿਰੋਧੀ ਨੀਤੀਆਂ ਦਾ ਹੀ ਨਤੀਜਾ ਹੈ। ਹਾਕਮ ਜਮਾਤਾਂ ਅਤੇ ਸਾਮਰਾਜੀਆਂ ਦੀ ਆਰਥਕ ਨੀਤੀ ਅਤੇ ਡਿਵੈਲਪਮੈਂਟ ਦੇ ਨਤੀਜੇ ਸਿਰਫ਼ ਲੋਕਾਂ ਦੀ ਤਬਾਹੀ ਵਿਚ ਹੀ ਨਿਕਲ ਸਕਦੇ ਹਨ। ਦੁਨੀਆ ਦੇ ਜਿਸ ਮੁਲਕ ਵਿਚ ਵੀ ਇਹ ਤਰੀਕਾ ਵਰਤਿਆ ਗਿਆ ਹੈ ਪਿੰਡਾਂ ਦੀ ਅਤੇ ਛੋਟੇ ਕਿਸਾਨਾਂ ਦੀ ਬਰਬਾਦੀ ਹੀ ਹੋਈ ਹੈ। ਮਿਸਾਲ ਦੇ ਤੌਰ ਤੇ 1940 ਵਿਚ ਅਮਰੀਕਾ ਦੀ 50 ਫ਼ੀ ਸਦੀ ਨਾਲੋਂ ਵੀ ਜ਼ਿਆਦਾ ਵਸੋਂ ਖੇਤੀ ਬਾੜੀ ਉੱਤੇ ਨਿਰਭਰ ਸੀ ਅਤੇ ਖੇਤੀ ਬਾੜੀ ਦਾ ਕੰਮ ਕਰਦੀ ਸੀ। ਹੁਣ ਸਿਰਫ਼ ਦੋ ਫ਼ੀ ਸਦੀ ਨਾਲੋਂ ਵੀ ਘੱਟ ਵਸੋਂ ਖੇਤੀ ਬਾੜੀ ਦਾ ਕੰਮ ਕਰਦੀ ਹੈ। ਛੋਟੇ ਕਿਸਾਨਾਂ ਦੀ ਬਰਬਾਦੀ ਜਿਸ ਪੱਧਰ ਤੇ ਅਮਰੀਕਾ ਵਿਚ ਹੋਈ ਹੈ ਉਹਦਾ ਕੋਈ ਹਿਸਾਬ ਨਹੀਂ ਹੈ। ਡਿਵੈਲਪਮੈਂਟ ਦੇ ਇਸ ਮਾਡਲ ਵਿਚ ਸਿਰਫ਼ ਕੁਝ ਅਮੀਰਾਂ ਦਾ ਹੀ ਫ਼ਾਇਦਾ ਹੁੰਦਾ ਹੈ। ਮਨਮੋਹਨ ਸਿੰਘ ਵੀ ਇਸ ਗੱਲ ਨੂੰ ਜਾਣਦਾ ਹੈ ਪਰ ਦੱਸਣ ਲਈ ਤਿਆਰ ਨਹੀਂ ਕਿ ਹਿੰਦੁਸਤਾਨ ਦੇ ਪਿੰਡਾਂ ਦੀ ਤਬਾਹੀ ਇਸ ਤਰਜ਼ ਦੀ ਡਿਵੈਲਪਮੈਂਟ ਕਰਕੇ ਹੀ ਹੈ ਤੇ ਇਹ ਕੋਈ ਨਵੀਂ ਗੱਲ ਨਹੀਂ। ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਵੀ ਇਸ ਤਰਜ਼ ਦੀ ਡਿਵੈਲਪਮੈਂਟ ਨੇ ਇਹੋ ਬਰਬਾਦੀ ਹੀ ਲਿਆਂਦੀ ਹੈ। ਇਸ ਕਰਕੇ ਲਾਤੀਨੀ ਅਮਰੀਕਾ ਅਤੇ ਹੋਰਨਾਂ ਥਾਂਵਾਂ ਦੇ ਲੋਕ ਇਸ ਦੇ ਖ਼ਿਲਾਫ਼ ਸਖ਼ਤ ਘੋਲ ਚਲਾ ਰਹੇ ਹਨ। ਵੈਨੇਜ਼ੁਏਲਾ, ਬੋਲੀਵੀਆ ਅਤੇ ਹੋਰਨਾਂ ਮੁਲਕਾਂ ਵਿਚ ਲੋਕਾਂ ਨੇ ਕਿਸਾਨਾਂ ਦੀ ਇਸ ਤਬਾਹੀ ਖ਼ਿਲਾਫ਼ ਆਵਾਜ਼ ਉਠਾ ਕੇ ਹੁਣ ਨਵੀਂਆਂ ਸਰਕਾਰਾਂ ਵੀ ਤਾਕਤ ਵਿਚ ਲਿਆਂਦੀਆਂ ਹਨ ਜੋ ਕੁਝ ਲੋਕ ਪੱਖੀ ਕਦਮ ਚੁੱਕਣ ਦਾ ਸੰਕੇਤ ਦੇ ਰਹੀਆਂ ਹਨ।

ਮਨਮੋਹਨ ਸਿੰਘ ਸਾਇੰਸਦਾਨਾਂ ਨੂੰ ਦਿਹਾਤੀ ਇਲਾਕਿਆਂ ਵਿਚ ਰੁਜ਼ਗਾਰ ਪੈਦਾ ਕਰਨ ਲਈ ਉਦਮ ਕਰਨ ਲਈ ਕਹਿ ਰਿਹਾ ਹੈ। ਕੀ ਉਹਨੂੰ ਇਹ ਇਲਮ ਨਹੀਂ ਕਿ ਰੁਜ਼ਗਾਰ ਦਾ ਮਸਲਾ ਇਕ ਸਮਾਜੀ ਮਸਲਾ ਹੈ? ਇਹ ਲੋਕਾਂ ਦੇ ਹੱਕਾਂ ਦਾ ਮਸਲਾ ਹੈ। ਇਹ ਮਸਲਾ ਕਿਸੇ ਵੀ ਸਾਇੰਸ ਜਾਂ ਤਕਨੀਕ ਨਾਲ ਹੱਲ ਨਹੀਂ ਹੋ ਸਕਦਾ। ਲੋਕਾਂ ਦੇ ਹੱਕਾਂ ਦੇ ਮਸਲੇ ਨੂੰ ਸਾਇੰਸ ਅਤੇ ਤਕਨੀਕ ਦਾ ਮਸਲਾ ਬਣਾਉਣਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਅਤੇ ਉਨ੍ਹਾਂ ਨੂੰ ਗੁੰਮਰਾਹ ਕਰਨਾ ਹੈ। ਇਹ ਮਸਲਾ ਸਮਾਜ ਦੀ ਬੁਨਿਆਦੀ ਬਣਤਰ ਅਤੇ ਸਮਾਜ ਦੇ ਬੁਨਿਆਦੀ ਰਿਸ਼ਤਿਆਂ ਨਾਲ ਤਅੱਲੁਕ ਰਖਦਾ ਹੈ। ਕੋਈ ਵੀ ਸਾਇੰਸਦਾਨ ਜਾਂ ਤਕਨੀਕੀ ਮਾਹਰ ਇਹ ਮਸਲਾ ਹੱਲ ਨਹੀਂ ਕਰ ਸਕਦਾ। ਜਿੰਨਾਂ ਚਿਰ ਸਮਾਜ ਦਾ ਬੁਨਿਆਦੀ ਢਾਂਚਾ ਤਬਦੀਲ ਨਹੀਂ ਹੁੰਦਾ ਅਤੇ ਪੈਦਾਵਾਰ ਦੇ ਰਿਸ਼ਤੇ ਨਹੀਂ ਬਦਲਦੇ ਬੇਰੁਜ਼ਗਾਰੀ, ਗ਼ਰੀਬੀ ਅਤੇ ਹੋਰ ਮਸਲੇ ਹੱਲ ਨਹੀਂ ਕੀਤੇ ਜਾ ਸਕਦੇ।। ਸਿਰਫ਼ ਲੋਕ ਹੀ ਆਪਣੀ ਤਾਕਤ ਅਤੇ ਏਕਤਾ ਨਾਲ ਇਕ ਨਵੀਂ ਸਮਾਜਿਕ ਉਸਾਰੀ ਰਾਹੀਂ ਇਹ ਮਸਲੇ ਹੱਲ ਕਰ ਸਕਦੇ ਹਨ। ਅੱਜ ਤਕ ਕਿਸੇ ਵੀ ਸਾਇੰਸਦਾਨ ਨੇ ਕਿਤੇ ਵੀ ਕਿਸੇ ਲਈ ਕਦੀ ਰੁਜ਼ਗਾਰ ਪੈਦਾ ਨਹੀਂ ਕੀਤਾ। ਸਾਇੰਸਦਾਨ ਤਾਂ ਆਪ ਆਪਣੇ ਰੁਜ਼ਗਾਰ ਲਈ ਸਰਕਾਰ ਉੱਤੇ ਜਾਂ ਕੰਪਨੀਆਂ ਉੱਤੇ ਨਿਰਭਰ ਕਰਦੇ ਹਨ ਉਹ ਹੋਰ ਕਿਸੇ ਲਈ ਰੁਜ਼ਗਾਰ ਕਿਸ ਤਰਾਂ ਪੈਦਾ ਕਰ ਸਕਦੇ ਹਨ? ਸਾਇੰਸ ਨਾਲ ਪੈਦਾਵਾਰ ਦੇ ਤਰੀਕੇ ਬਦਲਦੇ ਹਨ। ਪਰ ਇਸ ਨਾਲ ਸਮਾਜੀ ਮਸਲੇ ਕਦੇ ਵੀ ਹੱਲ ਨਹੀਂ ਹੋਏ ਅਤੇ ਨਾ ਹੱਲ ਹੋ ਸਕਦੇ ਹਨ।

ਅੱਜ ਸਾਇੰਸ ਅਤੇ ਤਕਨੀਕ ਵਿਚ ਨਵੀਆਂ ਕਾਢਾਂ ਨੂੰ ਲੋਕਾਂ ਦੀ ਲੁੱਟ ਮਾਰ ਨੂੰ ਹੋਰ ਤੇਜ਼ ਕਰਨ ਲਈ ਵਰਤਿਆ ਜਾ ਰਿਹਾ ਹੈ ਨਾ ਕਿ ਸਮਾਜੀ ਮਸਲੇ ਹੱਲ ਕਰਨ ਲਈ ਕਿਉਂਕਿ ਪੈਦਾਵਾਰ ਦਾ ਮੰਤਵ ਸਿਰਫ਼ ਵੱਧ ਤੋਂ ਵੱਧ ਮੁਨਾਫ਼ੇ ਕਮਾਉਣਾ ਹੈ ਸਰਬੱਤ ਦਾ ਭਲਾ ਕਰਨਾ ਨਹੀਂ ਹੈ। ਸਾਇੰਸ ਅਤੇ ਤਕਨਾਲੋਜੀ ਦੀ ਹਰੇਕ ਕਾਢ ਲੋਕਾਂ ਦੇ ਖ਼ਿਲਾਫ਼ ਹੀ ਵਰਤੀ ਜਾਂਦੀ ਹੈ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਪਿਛਲੇ ਵੀਹ ਸਾਲਾਂ ਵਿਚ ਕੰਪਿਊਟਰ ਅਤੇ ਸੰਚਾਰ ਦੇ ਇਨਕਲਾਬ ਨਾਲ ਲੋਕਾਂ ਦੀ ਲੁੱਟ ਹੋਰ ਵੀ ਬਹੁਤੀ ਤੇਜ਼ ਹੋਈ ਹੈ। ਕਰੋੜਾਂ ਹੀ ਲੋਕਾਂ ਕੋਲ ਰੁਜ਼ਗਾਰ ਦਾ ਵਸੀਲਾ ਨਹੀਂ ਹੈ ਅਤੇ ਉਨ੍ਹਾਂ ਨੂੰ ਬਹੁਤ ਹੀ ਔਕੜਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਉਥੇ ਤਿੰਨ ਚਾਰ ਕਰੋੜ ਲੋਕਾਂ ਕੋਲ ਆਪਣੀ ਸਿਹਤ ਦੀ ਸੰਭਾਲ ਅਤੇ ਇਲਾਜ ਦਾ ਕੋਈ ਵਸੀਲਾ ਨਹੀਂ ਹੈ। ਆਪਣੇ ਮੁਨਾਫ਼ੇ ਵੱਧ ਤੋਂ ਵੱਧ ਕਰਨ ਲਈ ਕੰਪਨੀਆਂ ਅਮਰੀਕਾ ਵਿਚੋਂ ਆਪਣੀਆਂ ਫੈਕਟਰੀਆਂ ਖ਼ਤਮ ਕਰਕੇ ਉਨ੍ਹਾਂ ਮੁਲਕਾਂ ਵਿਚ ਲਾ ਰਹੀਆਂ ਹਨ ਜਿਥੇ ਸਸਤੇ ਮਜ਼ਦੂਰ ਮਿਲਦੇ ਹਨ ਅਤੇ ਤਕਨੀਕ ਸਸਤੀ ਹੈ।

ਮਨਮੋਹਨ ਸਿੰਘ ਨੇ ਪਿਛਲੇ ਸਾਲ ਦੀ ਰੀਤ ਤੇ ਚਲਦਿਆਂ ਆਪਣੇ ਨਵੇਂ ਸਾਲ ਨੂੰ ਵੀ ਇਕ ਵੱਡੇ ਝੂਠ ਨਾਲ ਸ਼ੁਰੂ ਕੀਤਾ ਹੈ। ਇਸ ਸਰਕਾਰ ਤੋਂ ਕਿਸੇ ਲੋਕ ਪੱਖੀ ਗੱਲ ਦੀ ਆਸ ਨਹੀਂ ਕੀਤੀ ਜਾ ਸਕਦੀ। ਲੋਕਾਂ ਲਈ ਇਹ ਵੱਡੀ ਤ੍ਰਾਸਦੀ ਹੈ ਕਿ ਸੱਜੇ-ਖੱਬੇ ਕਾਮਰੇਡ ਇਸ ਲੋਕ ਵਿਰੋਧੀ ਸਰਕਾਰ ਦੀ ਅਤੇ ਇਹਦੇ ਝੂਠਾਂ ਦੀ ਪੁਰਜ਼ੋਰ ਹਿਮਾਇਤ ਕਰ ਰਹੇ ਹਨ।